# ਸ਼੍ਰੇਣੀ-ਦਸਵੀਂ

## ਸੰਗੀਤ ਤਬਲਾ

## ਪਾਠਕ੍ਰਮ (ਲਿਖਤੀ)

### ਭਾਗ-ੳ

1. ਹੇਠ ਲਿਖਿਆਂ ਦੀਆਂ ਉਦਾਹਰਨਾਂ ਸਹਿਤ ਪਰਿਭਾਸ਼ਾਵਾਂ ਅਤੇ ਜਾਣਕਾਰੀ:
   (ੳ) ਸਮ (ਵਿਸ਼ਮ ਗ੍ਰਹਿ, ਅਤੀਤ ਗ੍ਰਹਿ,ਅਨਾਗਤ ਗ੍ਰਹਿ)ਕਾਇਦਾ,ਪਲਟਾ,ਨਗਮਾ,ਉਠਾਣ।
   (ਅ) ਤਬਲਾ ਸਾਜ ਮਿਲਾਉਣ ਦੇ ਨਿਯਮ।
   (ੲ) ਤਬਲੇ ਅਤੇ ਪਖਾਵਜ ਦਾ ਸੰਖੇਪ ਇਤਿਹਾਸ।
   (ਸ) 1. ਸੰਗੀਤ ਵਿੱਚ ਲੈਅ ਦਾ ਮਹੱਤਵ। 2. ਤਾਲ ਦਾ ਗਾਇਨ, ਵਾਦਨ ਅਤੇ ਨਰਿੱਤ ਨਾਲ ਸਬੰਧ।
   (ਹ) ਵਿਸ਼ਣੂ ਦਿਗੰਬਰ ਪਲੁਸਕਰ ਤਾਲ ਲਿਪੀ ਪ4ਧਤੀ ਦੀ ਭਾਤਖੰਡੇ ਤਾਲ ਲਿਪੀ ਪੱਧਤੀ ਨਾਲ ਤੁਲਨਾ।
   ਜੀਵਨੀਆਂ:
   1. ਉਸਤਾਦ ਮੀਆਂ ਕਾਦਰ ਬਖਸ਼। 2. ਉਸਤਾਦ ਬਹਾਦਰ ਸਿੰਘ।

### ਭਾਗ-ਅ

2. ਨਿਰਧਾਰਤ ਤਾਲਾਂ (ਤਿੰਨਤਾਲ,ਝੱਪਤਾਲ,ਇੱਕਤਾਲ) ਦੀ ਪਛਾਣ।
3. ਨਿਰਧਾਰਤ ਤਾਲਾਂ ਦੀ ਇੱਕ ਗੁਣ ਅਤੇ ਦੁਗੁਣ ਸਹਿਤ ਤਾਲ ਲਿਪੀ ਲਿਖਣਾ।
4. ਪਾਠ-ਕ੍ਰਮ ਦੀਆਂ ਤਾਲਾਂ ਨੂੰ ਉਠਾਣ,ਕਾਇਦੇ, ਪਲਟੇ, ਤਿਹਾਈਆਂ ਅਤੇ ਟੁਕੜਿਆਂ ਸਹਿਤ ਲਿਪੀ ਬਧ ਕਰਨਾ।
   ਪ੍ਰਸ਼ਨ-ਪੱਤਰ ਦੀ ਰੂਪ-ਰੇਖਾ(ਪ੍ਰਯੋਗੀ)
   ਨੋਟ: ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ। ਪ੍ਰਸ਼ਨ-ਪੱਤਰ ਮੌਕੇ ਤੇ ਤਿਆਰ ਕੀਤਾ ਜਾਵੇਗਾ। ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ-ਪੱਤਰ ਤਿਆਰ ਕਰਨ ਸਮੇਂ ਲਿਖਤੀ ਪੇਪਰ ਦੇ ਪਾਠ-ਕ੍ਰਮ ਦਾ ਧਿਆਨ ਰੱਖਣ ਦੇ ਨਾਲ਼-ਨਾਲ਼ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ।
   1. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੀ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਵੱਡਾ ਖਿਆਲ ਜਾਂ ਛੋਟੇ ਖਿਆਲ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।
   2. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਵਿੱਚ ਵੱਡਾ ਖਿਆਲ ਜਾਂ ਛੋਟੇ ਖਿਆਲ ਨੂੰ ਅਲਾਪ,ਤਾਨਾ ਸਮੇਤ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।
   3. ਪਾਠ-ਕ੍ਰਮ ਦੀਆਂ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਨ ਕਰਨ। ਇਸ ਲਈ ਸਮਾਂ 4 ਮਿੰਟ ਹੋਣਗੇ।
   4. ਦਿੱਤੀਆਂ ਸੁਰਸੰਗਤੀਆਂ ਤੋਂ ਪਾਠ-ਕ੍ਰਮ ਦੇ ਰਾਗਾਂ ਦੀ ਜਾਣ-ਪਛਾਣ ਕਰਨੀ। ਇਸ ਲਈ ਸਮਾਂ 4 ਮਿੰਟ ਹੋਣਗੇ।
   5. ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਭਜਨ, ਸ਼ਬਦ, ਲੋਕ ਗੀਤ ਦਾ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।
      ਪਾਠ-ਕ੍ਰਮ ਤਬਲਾ (ਪ੍ਰਯੋਗੀ)
      1. ਤਿੰਨਤਾਲ,ਝਪਤਾਲ,ਇੱਕਤਾਲ, ਨੂੰ ਇੱਕ ਗੁਣ ਅਤੇ ਦੁਗੁਣ ਸਹਿਤ ਵਜਾਉਣਾ।

2. ਪਾਠ-ਕ੍ਰਮ ਦੇ ਤਾਲਾਂ ਵਿੱਚ ਇੱਕ ਉਠਾਣ, ਦੋ ਕਾਇਦੇ ਪਲਟਿਆਂ ਅਤੇ ਤਿਹਾਈਆਂ ਸਮੇਤ, ਦੋ ਟੁਕੜੇ, ਇੱਕ ਪਰਨ ਦਾ ਵਾਦਨ।
3. ਝਪਤਾਲ, ਇੱਕਤਾਲ ਅਤੇ ਤਿੰਨਤਾਲ ਦਾ ਵਿਲੰਬਤ ਲੈਅ ਵਿੱਚ ਵਾਦਨ।
4. ਪਾਠ-ਕ੍ਰਮ ਦੇ ਤਾਲਾਂ ਦੀ ਹੱਥ ਨਾਲ ਤਾਲੀ ਦੇ ਕੇ ਕਾਇਦਿਆਂ, ਪਲਟਿਆਂ ਅਤੇ ਤਿਹਾਈਆਂ ਸਹਿਤ ਪੜ੍ਹੰਤ।
5. ਉਪਰੋਕਤ ਤਾਲਾਂ ਦੀ ਗਾਇਨ ਵਾਦਨ ਨਾਲ ਸੰਗਤ।